
# ਪੰਜਾਬ ਵਿਧਾਨ ਸਭਾ ਚੋਣਾਂ ਲਈ ਐੱਨ.ਆਰ.ਆਈਜ਼ ਵਿੱਚ ਜ਼ਬਰਦਸਤ ਉਤਸ਼ਾਹ

**ਜਲੰਧਰ/ਬਿਓਰੋ**

ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਲਈ ਐੱਨ.ਆਰ.ਆਈਜ਼ ਵਿੱਚ ਜਬਰਦਸਤ ਉਤਸ਼ਾਹ ਹੈ। ਕਿਉਂਕਿ ਚੋਣਾਂ 'ਚ ਪੰਜਾਬ ਵਿਚ ਤਿਕੋਣਾ ਮੁਕਾਬਲਾ ਹੈ।

ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਤੋਂ ਇਲਾਵਾ ਹੋਰ ਕਈ ਦੇਸ਼ਾਂ ਵਿਚ ਵੱਡੀ ਗਿਣਤੀ 'ਚ ਪੰਜਾਬੀ ਵਸੇ ਹੋਏ ਹਨ। ਭਾਰਤ ਵਿੱਚ ਖਾਸ ਕਰਕੇ ਪੰਜਾਬ ਕੋਈ ਵੀ ਚੋਣਾਂ ਹੋਣ 'ਚ ਐੱਨ.ਆਰ.ਆਈਜ਼ ਦੀ ਅਹਿਮ ਭੂਮਿਕਾ ਰਹਿਦੀ ਹੈ। ਐਤਕੀ ਤਾਂ ਖ਼ਾਸ ਕਰਕੇ ਪੰਜਾਬ ਦੀ ਵਿਧਾਨ ਸਭਾ ਚੋਣਾਂ ਵਿੱਚ ਐੱਨ.ਆਰ.ਆਈਜ਼ ਵਿੱਚ ਜਬਰਦਸਤ ਉਤਸ਼ਾਹ ਹੈ ਇਸੇ ਕਾਰਨ ਅਕਾਲੀ ਦਲ ਦੇ ਕਈ ਨੇਤਾ ਕੈਨੇਡਾ ਤੇ ਅਮਰੀਕਾ ਜਾ ਕੇ ਐੱਨ.ਆਰ.ਆਈਜ਼ ਨਾਲ ਮੁਲਾਕਾਤ ਕਰ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਮਰੀਕਾ ਅਤੇ ਕੈਨੇਡਾ ਯਾਤਰਾ ਦੇ ਦੌਰੇ ਕਰ ਚੁੱਕੇ ਹਨ।




ਪਰਨੀਤ ਕੌਰ ਆਸਟ੍ਰੇਲੀਆ ਵਿਚ ਸਿਡਨੀ, ਮੈਲਬਰਨ, ਬ੍ਰਿਸਬੇਨ ਅਤੇ ਨਿਊਜ਼ੀਲੈਂਡ ਵਿਚ ਆਕਲੈਂਡ ਗਈ ਸੀ। ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ ਵਿਦੇਸ਼ੀ ਦੌਰਾ ਕਰਕੇ ਪ੍ਰਵਾਸੀ ਭਾਰਤੀਆਂ ਦੇ ਰੂ-ਬ-ਰੂ ਹੋ ਚੁੱਕੇ ਹਨ।

ਆਮ ਆਦਮੀ ਪਾਰਟੀ ਦਾ ਐੱਨ. ਆਰ. ਆਈਜ਼ ਵਿੱਚ ਕਾਫੀ ਕਰੇਜ਼ ਹੈ, ਜਿਸ ਕਾਰਨ ਇਸ ਬਾਰ ਐੱਨ.ਆਰ.ਆਈ. ਦੇ ਪੰਜਾਬ ਵਿਚ ਜ਼ਿਆਦਾ ਆਉਣ ਦੀ ਉਮੀਦ ਜਤਾਈ ਜਾ ਰਹੀ ਹੈ। ਇਨ੍ਹਾਂ ਤੋਂ ਇਲਾਵਾ ਕੈਨੇਡਾ-ਅਮਰੀਕਾ ਸਮੇਤ ਹੋਰਨਾਂ ਦੇਸ਼ਾਂ ਤੋਂ ਵੀ ਪਰਵਾਸੀ ਭਾਰਤੀ ਪੰਜਾਬ ਪਹੁੰਚ ਚੁੱਕੇ ਹਨ।


ਪਰਵਾਸੀ ਭਾਰਤੀਆਂ ਦਾ ਪੰਜਾਬ ਚੋਣਾਂ ਦੀ ਨੇੜਲੀ ਤਾਰੀਕ ਤੱਕ ਆਉਣਾ ਜਾਰੀ ਰਹੇਗਾ, ਜੋ ਕਿ ਪੰਜਾਬ ਵਿਧਾਨ ਸਭਾ ਚੋਣਾਂ 'ਚ ਆਪਣਾ ਖ਼ਾਸ ਯੋਗਦਾਨ ਪਾਉਣਗੇ।

# ਮਮਤਾ ਬੈਨਰਜੀ ਦੀ ਪਾਰਟੀ ਤਿਣਮੂਲ ਕਾਂਗਰਸ ਵੀ ਪੰਜਾਬ ਦੇ ਚੋਣ ਮੈਦਾਨ 'ਚ

**ਚੰਡੀਗੜ੍ਹ/ਬਿਓਰੋ**

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਮਮਤਾ ਬੈਨਰਜੀ ਦੀ ਪਾਰਟੀ ਤਿਣਮੂਲ ਕਾਂਗਰਸ ਵੀ ਪੰਜਾਬ ਦੇ ਚੋਣ ਮੈਦਾਨ 'ਚ ਆਪਣੇ ਉਮੀਦਵਾਰ ਖੜ੍ਹੇ ਕਰ ਰਹੀ ਹੈ।

ਇਸ ਪਾਰਟੀ ਦੇ ਪੰਜਾਬ ਇਕਾਈ ਦੇ ਪ੍ਰਧਾਨ ਜਗਮੀਤ ਸਿੰਘ ਬਰਾੜ ਨੇ ਪ੍ਰੈੱਸ ਕਾਨਫਰੰਸ ਨੂੰ



ਸੰਬੋਧਨ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦਾ ਚੰਡੀਗੜ੍ਹ ਵਿਚ ਦਿੱਤਾ ਇਹ ਬਿਆਨ ਝੂਠਾ ਤੇ ਅਫਸੋਸਨਾਕ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਟੀ.ਐਮ.ਸੀ ਨਾਲ ਸਾਂਝਾ ਫਰੰਟ ਬਣਾਉਣ ਬਾਰੇ ਕੋਈ ਗੱਲਬਾਤ ਹੋਈ ਹੈ।

# ਜੱਸੀ ਜਸਰਾਜ ਉਪ-ਪ੍ਰਧਾਨ ਅਤੇ ਚੋਣ ਪ੍ਰਚਾਰ ਕਮੇਟੀ ਦਾ ਜਨਰਲ ਸਕੱਤਰ ਨਿਯੁਕਤ




**ਚੰਡੀਗੜ੍ਹ/ ਬਿਓਰੋ**

ਆਮ ਆਦਮੀ ਪਾਰਟੀ ਨੇ ਪੰਜਾਬੀ ਗਾਇਕ ਜੱਸੀ ਜਸਰਾਜ ਦੀ ਪਾਰਟੀ 'ਚ ਮੁੜ ਵਾਪਸੀ ਤੇ ਜੱਸੀ ਜਸਰਾਜ ਉਪ-ਪ੍ਰਧਾਨ ਅਤੇ ਚੋਣ ਪ੍ਰਚਾਰ ਕਮੇਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ।

ਜਿਕਰ ਯੋਗ ਹੈ ਕਿ ਜੱਸੀ ਜਸਰਾਜ ਨੇ ਸਾਲ 2014 ਵਿਚ ਬਠਿੰਡਾ ਤੋਂ ਲੋਕ ਸਭਾ ਚੋਣ ਲੜੀ ਸੀ ਅਤੇ ਕੁੱਝ ਸਮਾਂ ਪਾਰਟੀ ਤੋਂ ਦੂਰ ਰਹਿਣ ਮਗਰੋ ਪਿਛਲੇ ਕੁਝ ਸਮੇਂ ਤੋਂ ਉਹ ਪਾਰਟੀ ਦੀਆਂ ਗਤੀਵਿਧੀਆਂ ਵਿਚ ਮੁੜ ਤੋਂ ਸਰਗਰਮ ਹੋ ਗਏ ਹਨ।

ਜਾਣਕਾਰੀ ਅਨੁਸਾਰ ਜੱਸੀ ਜਸਰਾਜ ਨੇ ਚੰਡੀਗੜ੍ਹ ਵਿਖੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਸੂਬੇ ਵਿਚ ਪਾਰਟੀ ਲਈ ਫਿਰ ਕੰਮ ਕਰਨ ਦੀ ਇੱਛਾ ਜਤਾਈ ਸੀ ਅਤੇ ਕੇਜਰੀਵਾਲ ਵੱਲੋਂ ਜੱਸੀ ਜਸਰਾਜ ਨੂੰ ਪੰਜਾਬ ਇਕਾਈ ਦਾ ਉਪ-ਪ੍ਰਧਾਨ ਅਤੇ ਚੋਣ ਪ੍ਰਚਾਰ ਕਮੇਟੀ ਦੀ ਜਨਰਲ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਇਸਦੇ ਨਾਲ ਹੀ ਇਸ ਆਗੂ ਨੂੰ ਪਾਰਟੀ ਦੇ ਬੁਲਾਰੇ ਵਜੋਂ ਨਿਯੁਕਤੀ ਦਿੱਤੀ ਗਈ ਹੈ।

# ਬਾਦਲ ਸ਼ਤਾਬਦੀਆਂ ਮਨਾਉਣ ਲਈ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਤੋਂ ਸਿੱਖਿਆ ਲੈਣ - ਕੈਪਟਨ

**ਚੰਡੀਗੜ੍ਹ/ਡਾ. ਮਨਜੀਤ ਸਿੰਘ ਸਰਾਂ**

ਸਾਡੀ ਰਾਜਨੀਤੀ ਬਹੁਤ ਜ਼ਿਆਦਾ ਟੇਡੀ ਮੇਡੀ ਹੋ ਗਈ ਹੈ ਅਤੇ ਸਾਡੇ ਨੇਤਾ ਹਰ ਵਕਤ ਤੇ ਹਰ ਮੋੜ ਤੇ ਦੂਜੇ ਦੀ ਪਿੱਠ ਲਵਾਉਣ ਦਾ ਮੌਕਾ ਲੱਭਦੇ ਰਹਿੰਦੇ ਹਨ।

ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾ ਸਮਾਗਮਾਂ 'ਚ ਦਰਸ਼ਨਾਂ ਲਈ ਪਹੁੰਚੇ ਪੰਜਾਬ ਕਾਂਗਰਸ



ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮਾਗਮਾਂ ਦੀਆਂ ਤਿਆਰੀਆਂ ਨੂੰ ਦੇਖਦੇ ਹੋਏ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਵਿਚ ਹੋਏ ਸ਼ਤਾਬਦੀ ਸਮਾਗਮਾਂ 'ਚ ਕਦੀ ਵੀ ਅਜਿਹੀਆਂ ਤਿਆਰੀਆਂ ਨਹੀਂ ਕੀਤੀਆਂ ਅਤੇ ਇਸ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਤਾਬਦੀਆਂ ਮਨਾਉਣ ਲਈ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਤੋਂ ਸਿੱਖਿਆ ਲੈਣ ਦੀ ਲੋੜ ਹੈ।

# ਪੂਰੀ ਪੰਜਾਬ ਸਰਕਾਰ ਲੰਬੀ 'ਚ ਢੇਰੀ ਹੋ ਚੁਕੀ ਹੈ ਕਿਉਂਕਿ ਇਹ ਮੁੱਖ ਮੰਤਰੀ ਦੀ ਵਕਾਰੀ ਸੀਟ ਹੈ ! ਲੰਬੀ 'ਚ ਹਰ ਚੀਜ਼ ਅਕਾਲੀ ਰੰਗ 'ਚ ਰੰਗ ਚੁਕੀ ਹੈ

**ਚੰਡੀਗੜ੍ਹ/ਡਾ. ਮਨਜੀਤ ਸਿੰਘ ਸਰਾਂ**

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਵਕਾਰੀ ਤੇ ਵਿਧਾਨ ਸਭਾ ਹਲਕੇ ਲੰਬੀ ਵਿੱਚ ਚੋਣਾਂ ਤੋਂ ਪਹਿਲਾਂ ਹੀ ਸਰਕਾਰ ਨੇ ਆਪਣਾ ਪੂਰਾ ਸਰਕਾਰੀ ਖਜ਼ਾਨਾ ਢੇਰੀ ਕਰ ਦਿੱਤਾ ਗਿਆ ਹੈ। ਜਿਥੇ ਵੋਟਰਾਂ ਨੂੰ ਖ਼ੁਸ਼ ਕਰਨ ਲਈ ਸਭ ਕੁਝ ਜਾਦੂਮਈ ਤਰੀਕੇ ਨਾਲ ਹਾਜ਼ਿਰ ਹੋ ਰਿਹਾ ਹੈ।

ਹਲਕਾ ਲੰਬੀ ਦੇ ਪਿੰਡਾਂ ਵਿੱਚ ਪੀਲੇ ਅਤੇ ਨੀਲੇ ਕਾਰਡ ਲੋਕਾਂ ਦੇ ਮੂਹੋਂ ਨਿਕਲਣ ਤੋਂ ਪਹਿਲਾਂ ਬਣਾਏ ਜਾ ਰਹੇ ਹਨ।




2.35 ਕਰੋੜ ਦੇ ਲਾਗਤ ਨਾਲ ਬਣੇ ਅਕਾਲੀ ਰੰਗੇ ਬੈਂਚ ਲੋਕਾਂ ਦੇ ਘਰਾਂ ਅੱਗੇ ਬੈਠਣ ਲਈ ਰੱਖੇ ਜਾ ਰਹੇ ਹਨ। ਲੰਬੀ ਹਲਕੇ ਦੇ 55 ਪਿੰਡਾਂ ਵਿੱਚ 6700 ਬੈਂਚ ਦਿੱਤੇ ਗਏ ਹਨ। ਬੈਂਚਾਂ ਉੱਤੇ ਹੁਣ ਤੱਕ 2.35 ਕਰੋੜ ਖਰਚੇ ਗਏ ਹਨ। ਵਿਧਾਨ ਸਭਾ ਲੰਬੀ ਦੇ ਸਾਰੇ ਪਿੰਡਾਂ ਨੂੰ 6749 ਸੋਲਰ ਲਾਈਟਾਂ ਨਾਲ ਵੀ ਚਮਕਾਇਆ ਜਾ ਰਿਹਾ ਹੈ। ਵਿਧਾਨ ਸਭਾ ਹਲਕਾ ਲੰਬੀ ਦੇ ਪਿੰਡਾਂ ਵਿੱਚ ਕਰੀਬ 150 ਟੈਂਟ ਵੰਡੇ ਗਏ ਹਨ।

ਪਿੰਡਾਂ ਨੂੰ ਮੰਜੇ, ਮਹਿਲਾ ਮੰਡਲਾਂ ਨੂੰ ਭਾਂਡੇ, ਨੌਜਵਾਨ ਕਲੱਬਾਂ ਨੂੰ 300 ਕ੍ਰਿਕਟ ਤੇ ਵਾਲੀਬਾਲ ਕਿੱਟਾਂ ਵੰਡੀਆਂ ਗਈਆਂ ਅਤੇ 50 ਜਿੰਮ ਦਿੱਤੇ ਗਏ ਹਨ। ਹਰ ਇਕ ਚੀਜ਼ ਲੋਕਾਂ ਨੂੰ ਬੋਲਣ ਤੋਂ ਪਹਿਲਾਂ ਮੁਹੱਈਆ ਕਾਰਵਾਈ ਜਾ ਰਹੀ ਹੈ ਅਤੇ ਹੁਣ ਦੇਖਣਾ ਹੈ ਕਿ ਲੋਕ ਸਭ ਕੁਝ ਲੈ ਕੇ ਕਿਸ ਹੱਦ ਤੱਕ ਅਹਿਸਾਨ ਚੁਕਾਉਂਦੇ ਹਨ।

# ...ਫ਼ਿਲਮੀ ਖ਼ਬਰਨਾਮਾ

## 'ਨਿੱਕਾ ਜ਼ੈਲਦਾਰ' ਦੇ ਦਾਦੇ ਦਾ ਰੋਲ ਕਰਨ ਵਾਲੇ ਕਿਸ਼ੋਰ ਸ਼ਰਮਾ ਦੀ ਮੌਤ


**ਰੋਪੜ/ਮਵਦੀਲਾ ਬਿਓਰੋ**



ਹਿੱਟ ਪੰਜਾਬੀ ਫਿਲਮ 'ਅੰਗਰੇਜ਼' ਤੇ 'ਨਿੱਕਾ ਜ਼ੈਲਦਾਰ' ਦੇ ਦਾਦੇ ਦਾ ਰੋਲ ਕਰਨ ਵਾਲੇ ਬੇਮਿਸਾਲ ਅਦਾਕਾਰ ਕਿਸ਼ੋਰ ਸ਼ਰਮਾ ਦੀ ਮੌਤ ਹੋ ਗਈ।

ਪੰਜਾਬੀ ਫਿਲਮ ਪ੍ਰੇਮੀਆਂ ਲਈ ਇਹ ਬੇਹੱਦ ਦੁਖਦਾਈ ਖਬਰ ਹੈ। ਉਹ ਰੋਪੜ ਵਿੱਚ ਕਪਿਲ ਸ਼ਰਮਾ ਦੀ ਫਿਲਮ ਦੀ ਸ਼ੂਟਿੰਗ ਕਰ ਰਹੇ ਸਨ। ਇਸੇ ਸ਼ੂਟਿੰਗ ਦੌਰਾਨ ਹੀ ਅਚਾਨਕ ਕਿਸ਼ੋਰ ਸ਼ਰਮਾ ਦੀ ਮੌਤ ਹੋ ਗਈ। ਇਸ ਖਬਰ ਦੇ ਪਤਾ ਲੱਗਦਿਆਂ ਹੀ ਪੰਜਾਬੀ ਇਡਸਟਰੀ 'ਚ ਸੋਗ ਦੀ ਲਹਿਰ ਦੌੜ ਗਈ ਹੈ। ਅਦਾਕਾਰ ਕਿਸ਼ੋਰ ਸ਼ਰਮਾ ਵੱਲੋਂ ਫਿਲਮਾਂ ਤੋਂ ਇਲਾਵਾ ਹੋਰ ਨਿਭਾਈਆਂ ਗਈਆ ਸੈਂਕੜੇ ਭੂਮਿਕਾਵਾਂ ਨੂੰ ਲੋਕ ਕਦੇ ਭੁੱਲ ਨਹੀਂ ਸਕਣਗੇ।

## ਗਿੱਪੀ ਗਰੇਵਾਲ ਨੇ 'ਮੰਜੇ ਬਿਸਤਰੇ' ਦੀ ਸ਼ੂਟਿੰਗ ਕੀਤੀ ਸ਼ੁਰੂ




**ਜਲੰਧਰ/ਬਿਓਰੋ**

ਅਗਲੇ ਸਾਲ ਵਿਸਾਖੀ 'ਤੇ ਰਿਲੀਜ਼ ਹੋਣ ਵਾਲੀ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਦੀ ਫਿਲਮ 'ਮੰਜੇ ਬਿਸਤਰੇ' ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ।

ਉਸ ਦੀ ਇਹ ਫਿਲਮ ਇਕ ਕਾਮੇਡੀ ਫਿਲਮ ਹੈ, ਜਿਸ ਦਾ ਨਿਰਦੇਸ਼ਨ ਬਲਜੀਤ ਸਿੰਘ ਦਿਓ ਕਰ ਰਿਹਾ ਹੈ। ਇਸ ਫਿਲਮ ਦਾ ਨਿਰਮਾਣ ਹੰਬਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਹੋ ਰਿਹਾ ਹੈ। ਇਹ ਉਹੀ ਬੈਨਰ ਹੈ ਜਿਸ ਦੇ ਨਿਰਦੇਸ਼ਨ ਹੇਠ ਸੁਪਰਹਿੱਟ ਫਿਲਮ 'ਅਰਦਾਸ' ਬਣੀ ਸੀ। ਇਹ ਗਿੱਪੀ ਗਰੇਵਾਲ ਦੀ ਪ੍ਰੋਡਕਸ਼ਨ ਹੈ।

## ਅਕਸ਼ੈ ਦਾਰਾ ਸਿੰਘ 'ਤੇ ਬਣਨ ਵਾਲੀ ਫ਼ਿਲਮ ਕਾਰਨ ਉਲਝਣ 'ਚ

**ਮੁੰਬਈ/ਮਵਦੀਲਾਬਿਓਰੋ**



ਅਦਾਕਾਰ ਵਿੰਦੂ ਦਾਰਾ ਸਿੰਘ ਨੇ ਕਿਹਾ ਹੈ ਕਿ ਅਦਾਕਾਰ ਅਕਸ਼ੈ ਕੁਮਾਰ ਉਨ੍ਹਾਂ ਦੇ ਪਿਤਾ ਪਹਿਲਵਾਨ-ਅਦਾਕਾਰ ਦਾਰਾ ਸਿੰਘ ਦੀ ਜ਼ਿੰਦਗੀ 'ਤੇ ਬਣਨ ਵਾਲੀ ਫ਼ਿਲਮ 'ਚ ਕੰਮ ਕਰਨ ਨੂੰ ਲੈ ਕੇ ਉਲਝਣ 'ਚ ਫ਼ਸੇ ਹੋਏ ਹਨ।

ਵਿੰਦੂ ਨੇ ਕਿਹਾ ਹੈ ਅਸੀਂ ਫ਼ਿਲਮ ਨੂੰ ਲੈ ਕੇ ਅਕਸ਼ੈ ਨਾਲ ਗੱਲ ਕੀਤੀ ਹੈ। ਉਨ੍ਹਾਂ ਨੇ ਹੁਣ ਤੱਕ ਕਹਾਣੀ ਨਹੀਂ ਸੁਣੀ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਉਹ ਫ਼ਿਲਮ 'ਚ ਕੰਮ ਕਰਨ। ਉਹ ਥੋੜ੍ਹੀ ਉਲਝਣ 'ਚ ਹਨ, ਉਹ ਥੋੜ੍ਹਾ ਸੋਚ ਰਹੇ ਹਨ। ਉਹ ਬੇਹੱਦ ਸਮਰਪਿਤ ਅਦਾਕਾਰ ਹਨ ਅਤੇ ਜੋ ਵੀ ਕਰਦੇ ਹਨ ਦਿਲ ਨਾਲ ਕਰਦੇ ਹਨ।" ਅਕਸ਼ੈ ਨਾਲ 'ਕਮਬਖਤ ਇਸ਼ਕ, ਮੁਝਸੇ ਸ਼ਾਦੀ ਕਰੋਗੀ, ਹਾਉਸਫ਼ੁਲ ਅਤੇ ਜੋਕਰ' ਜਿਹੀਆਂ ਫ਼ਿਲਮਾਂ 'ਚ ਕੰਮ ਕਰ ਚੁੱਕੇ 52 ਸਾਲ ਦੇ ਅਦਾਕਾਰ ਨੇ ਕਿਹਾ ਹੈ ਕਿ ਅਕਸ਼ੈ ਉਨ੍ਹਾਂ ਦੇ ਪਿਤਾ ਦੀ ਜ਼ਿੰਦਗੀ 'ਤੇ ਬਣਨ ਵਾਲੀ ਫ਼ਿਲਮ ਲਈ ਸਹੀ ਹਨ।

ਰਿਐਲਟੀ ਸ਼ੋਅ 'ਬਿਗ ਬੌਸ' ਦੇ ਸਾਬਕਾ ਜੇਤੂ ਵਿੰਦੂ ਨੇ ਕਿਹਾ, ਅਕਸ਼ੈ ਨੂੰ ਲੱਗਦਾ ਹੈ ਕਿ ਕਿਰਦਾਰ ਲਈ ਉਨ੍ਹਾਂ ਨੂੰ ਹੋਰ ਤਾਕਤਵਰ ਬਣਨਾ ਹੈ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਉਂਝ ਹੀ ਦਿਖਣਾ ਹੋਵੇਗਾ, ਜਿਵੇਂ ਕਿ ਉਹ 'ਬ੍ਰਦਰਜ਼' (ਫ਼ਿਲਮ) 'ਚ ਸਨ, ਉਹ ਦਾਰਾ ਸਿੰਘ ਦੇ ਰੂਪ 'ਚ ਸ਼ਾਨਦਾਰ ਹੋਣਗੇ। ਵਿੰਦੂ ਫ਼ਿਲਮ ਦੇ ਨਿਰਮਾਤਾ ਹਨ ਅਤੇ ਅਗਲੇ ਸਾਲ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕਰ ਦੇਣਾ ਚਾਹੁੰਦੇ ਹਨ।